[This question paper contains 2 printed pages.]

**Your Roll No...............**

**Sr. No. of Question Paper : 1052** **L**

Unique Paper Code : 2122103601

Name of the Paper : BHAGTI SAHIT

Name of the Course : **DSC**

Semester : VI

Duration : 3 Hours Maximum Marks : 90

**Instructions for Candidates**

1. Write your Roll No. on the top immediately on receipt of this question paper.

**ਨੋਟ–ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।**

**ਭਾਗ ਪਹਿਲਾ**

1. ਭਗਤੀ ਲਹਿਰ ਤੋਂ ਕੀ ਭਾਵ ਹੈ? ਭਗਤੀ ਸਾਹਿਤ ਦੇ ਮੁਖ ਸਰੋਕਾਰਾਂ ਬਾਰੇ ਦਸਦਿਆਂ, ਇਸ ਨਾਲ ਜਾਣ-ਪਛਾਣ ਕਰਾਓ। 15

ਜਾ

ਗੁਰੂ ਗ੍ਰੰਥ ਸਾਹਿਬ ਵਿਚ ਕਿਹੜੇ ਭਗਤਾਂ ਦੀ ਬਾਣੀ ਸ਼ਾਮਿਲ ਹੈ? ਵਿਸਤਾਰ ਵਿਚ ਵਰਣਨ ਕਰੋ।

**ਭਾਗ ਦੂਜਾ**

2. ਭਗਤ ਕਬੀਰ ਜੀ ਦੇ ਜੀਵਨ ਉਪਰ ਚਾਨਣਾ ਪਾਉਂਦਿਆਂ, ਉਨ੍ਹਾਂ ਦੀ ਰਚਨਾ ਵਿਚ ਪੇਸ਼ ਕੋਈ ਦੋ ਸਮਾਜਿਕ ਕੁਰੀਤੀਆਂ ਦਾ ਜ਼ਿਕਰ ਕਰੋ, ਜਿਨ੍ਹਾਂ ਦੇ ਖਿਲਾਫ਼ ਆਪ ਨੇ ਆਵਾਜ਼ ਉਠਾਈ। 15

ਜਾਂ

ਭਗਤ ਕਬੀਰ ਜੀ ਦੇ ਸ਼ਲੋਕਾਂ ਵਿਚ ਪੇਸ਼ ਵਿਚਾਰਧਾਰਾ ਨੂੰ ਚਰਚਾ ਦਾ ਵਿਸ਼ਾ ਬਣਾਓ।

3. ਭਗਤ ਕਬੀਰ ਰਚਿਤ ਬਾਣੀ ਵਿਚੋਂ ਹੇਠ ਲਿਖੀਆਂ ਪੰਕਤੀਆਂ ਦੀ ਵਿਆਖਿਆ ਕਰੋ । 10

ਮਾਥੇ ਤਿਲਕੁ ਹਥਿ ਮਾਲਾ ਬਾਨਾਂ ॥ ਲੋਗਨ ਰਾਮੁ ਖਿਲਉਨਾ ਜਾਨਾਂ ॥੧॥
ਜਉ ਹਉ ਬਉਰਾ ਤਉ ਰਾਮ ਤੋਰਾ ॥ ਲੋਗੁ ਮਰਮੁ ਕਹ ਜਾਨੈ ਮੋਰਾ ॥

ਜਾਂ

ਭਗਤ ਕਬੀਰ ਜੀ ਦੇ ਕੋਈ **ਦੋ ਸ਼ਲੋਕ** ਲਿਖ ਕੇ ਉਹਨਾਂ ਦੀ ਸੰਖਿਪਤ ਵਿਆਖਿਆ ਕਰੋ ।

**ਭਾਗ ਤੀਜਾ**

4. ਭਗਤ ਰਵਿਦਾਸ ਜੀ ਦੇ ਜੀਵਨ ਅਤੇ ਰਚਨਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿਓ। 15

ਜਾਂ

"ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਰਾਹੀਂ ਕਈ ਸਮਾਜਕ ਕੁਰੀਤੀਆਂ ਦੇ ਖਿਲਾਫ਼ ਆਵਾਜ਼ ਬੁਲੰਦ ਕੀਤੀ।" ਕੀ ਤੁਸੀਂ ਇਸ ਕਥਨ ਨਾਲ ਸਹਿਮਤ ਹੋ? ਉੱਤਰ ਦਲੀਲਾਂ ਸਹਿਤ ਦਿਓ।

5. ਭਗਤ ਰਵਿਦਾਸ ਜੀ ਦੇ ਹੇਠ ਲਿਖੇ ਸ਼ਬਦ ਦੀ ਵਿਆਖਿਆ ਕਰੋ। 10

ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥
ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥੧॥
ਮਾਧਵੇ ਜਾਨਤ ਹਹੁ ਜੈਸੀ ਤੈਸੀ ॥ ਅਬ ਕਹਾ ਕਰਹੁਗੇ ਐਸੀ ॥

ਜਾਂ

ਭਗਤ ਰਵਿਦਾਸ ਦੀ ਬਾਣੀ ਵਿਚ ਪੇਸ਼ 'ਬੇਗਮਪੁਰਾ' ਕਿਸ ਸੰਕਲਪ ਨਾਲ ਸੰਬੰਧਿਤ ਹੈ? ਸਪੱਸ਼ਟ ਕਰੋ।

**ਭਾਗ ਚੌਥਾ**

6. ਭਗਤ ਨਾਮਦੇਵ ਜੀ ਦੇ ਜੀਵਨ ਬਾਰੇ ਦੱਸਦਿਆਂ, ਆਪ ਦੀ ਬਾਣੀ ਵਿਚ ਉਭਰਦੇ ਮਨੁੱਖੀ ਜੀਵਨ ਦੇ ਸੰਦੇਸ਼ ਨੂੰ ਵਿਚਾਰੋ। 15

ਜਾਂ

ਭਗਤ ਤ੍ਰਿਲੋਚਨ ਜੀ ਦੀ ਬਾਣੀ ਦੇ ਵਿਚਾਰਧਾਰਕ ਪੱਖ ਬਾਰੇ ਜਾਣਕਾਰੀ ਦਿਓ।

7. ਭਗਤ ਧੰਨਾ ਜੀ ਦੇ ਜੀਵਨ ਅਤੇ ਰਚਨਾਵਾਂ ਨਾਲ ਜਾਣ-ਪਛਾਣ ਕਰਾਓ। 10

ਜਾਂ

ਹੇਠ ਲਿਖੀਆਂ ਪੰਕਤੀਆਂ ਦੀ ਵਿਆਖਿਆ ਕਰੋ।

ਅੰਤਿ ਕਾਲਿ ਜੋ ਲਛਮੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਸਰਪ ਜੋਨਿ ਵਲਿ ਵਲਿ ਅਉਤਰੈ ॥੧॥
ਅਰੀ ਬਾਈ ਗੋਬਿਦ ਨਾਮੁ ਮਤਿ ਬੀਸਰੈ ॥
ਅੰਤਿ ਕਾਲਿ ਜੋ ਇਸਤ੍ਰੀ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥
ਬੇਸਵਾ ਜੋਨਿ ਵਲਿ ਵਲਿ ਅਉਤਰੈ ॥